ਸਾਹਿਤਕ ਕਵੀ, ਕਹਾਣੀਕਾਰ, ਲੇਖਕ ਅਤੇ ਗੀਤ ਸੰਗੀਤ ਵਿੱਚ ਰੁਚੀ ਰੱਖਣ ਵਾਲਿਆਂ ਲਈ ਫੋਟੋ ਅਤੇ ਆਪਣੀ ਨਿੱਜੀ ਰਚਨਾ ਭੇਜਣ ਲਈ
Whatsapp No
416 700 9100
vishavpunjabisanjh@gmail.com

ਮਿਤੀ 18 ਦਸੰਬਰ ਬੁੱਧਵਾਰ 2024

ਰੋਜ਼ਾਨਾ
# ਵਿਸ਼ਵ ਪੰਜਾਬੀ ਸਾਂਝ

ਮੁੱਖ ਦਫ਼ਤਰ : ਵਿਸ਼ਵ ਪੰਜਾਬੀ ਭਵਨ, 114 ਕੈਨੇਡੀ ਰੋਡ ਬਰੈਂਪਟਨ, ਓਟਾਂਰੀਓ



ਮੁੱਖ ਸੰਪਾਦਕ
ਡਾ.ਦਲਬੀਰ ਸਿੰਘ ਕਥੂਰੀਆ

Dalbir Singh Kathuria, CEO
905-230-4800
416-700-9100
BramptonCashandCarry2023@gmail.com
100 KENNEDY ROAD S., BRAMPTON ON L6W 3E7, CANADA
BRAMPTON CASH & CARRY

Village of India
905.450.3333
villageofindia.ca
114 KENNEDY ROAD SOUTH BRAMPTON, ON, L6W 3E7
BUFFET | DINE IN | TAKE OUT | CATERING | LUNCH & DINNER | SWEETS

## ਅਮਰੀਕਾ ਜਾਣ ਵਾਲਿਆਂ ਲਈ ਖ਼ੁਸ਼ਖ਼ਬਰੀ ! ਬਦਲ ਗਏ ਵੀਜ਼ਾ ਨਿਯਮ, ਇਨ੍ਹਾਂ ਨੂੰ ਮਿਲੇਗਾ ਸਭ ਤੋਂ ਵੱਧ ਲਾਭ





ਵਾਸ਼ਿੰਗਟਨ ,18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅਮਰੀਕਾ ਦੇ ਬਾਇਡਨ ਪ੍ਰਸ਼ਾਸਨ ਨੇ ਜਾਂਦੇ-ਜਾਂਦੇ ਐੱਚ-1ਬੀ ਵੀਜ਼ਾ ਨਿਯਮਾਂ 'ਚ ਢਿੱਲ ਦਿੱਤੀ ਹੈ। ਇਸ ਨਾਲ ਅਮਰੀਕੀ ਕੰਪਨੀਆਂ ਲਈ ਕੁਸ਼ਲ ਕਾਮਿਆਂ ਨੂੰ ਆਪਣੇ ਇੱਥੇ ਨੌਕਰੀ ਦੇਣਾ ਸੌਖਾ ਹੋ ਜਾਏਗਾ। ਇਹੀ ਨਹੀਂ ਵਿਦਿਆਰਥੀ ਵੀਜ਼ਾ ਐੱਫ-1 ਨੂੰ ਐੱਚ-1ਬੀ 'ਚ ਬਦਲਣ 'ਚ ਵੀ ਸੌਖ ਹੋ ਸਕੇਗੀ। ਬਾਇਡਨ ਪ੍ਰਸ਼ਾਸਨ ਦੇ ਇਸ ਕਦਮ ਨਾਲ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਨੂੰ ਲਾਭ ਮਿਲ ਸਕਦਾ ਹੈ। ਇਹ ਵੀਜ਼ਾ ਭਾਰਤੀ ਪੇਸ਼ੇਵਰਾਂ 'ਚ ਕਾਫ਼ੀ ਹਰਮਨਪਿਆਰਾ ਹੈ। ਅਮਰੀਕੀ ਟੈਕਨਾਲੋਜੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਾਮਿਆਂ ਨੂੰ ਨਿਯੁਕਤ ਕਰਨ ਲਈ ਐੱਚ-1ਬੀ 'ਤੇ ਨਿਰਭਰ ਰਹਿੰਦੀਆਂ ਹਨ। ਪ੍ਰਸ਼ਾਸਨ ਨੇ ਆਪਣੇ ਕਾਰਜਕਾਲ ਦੇ ਆਖ਼ਰੀ ਦੌਰ 'ਚ ਇਹ ਢਿੱਲ ਦਿੱਤੀ ਹੈ। ਇਹ ਨਿਯਮ 17 ਜਨਵਰੀ 2025 ਤੋਂ ਅਮਲ 'ਚ ਆਉਣਗੇ ਜਦਕਿ 20 ਜਨਵਰੀ ਨੂੰ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਅਹੁਦੇ ਦੀ ਸਹੁੰ ਚੁੱਕਣਗੇ, ਜਿਸ ਤੋਂ ਬਾਅਦ ਅਮਰੀਕਾ 'ਚ ਉਨ੍ਹਾਂ ਦਾ ਪ੍ਰਸ਼ਾਸਨ ਹੋਵੇਗਾ। ਗ੍ਰਹਿ ਸੁਰੱਖਿਆ ਵਿਭਾਗ (ਡੀਐੱਚਐੱਸ) ਨੇ ਮੰਗਲਵਾਰ ਨੂੰ ਨਿਯਮਾਂ 'ਚ ਢਿੱਲ ਦਾ ਐਲਾਨ ਕੀਤਾ। ਬਿਆਨ 'ਚ ਕਿਹਾ ਗਿਆ ਕਿ ਇਨ੍ਹਾਂ ਤਬਦੀਲੀਆਂ ਨਾਲ ਅਮਰੀਕੀ ਕੰਪਨੀਆਂ ਨੂੰ ਆਪਣੀਆਂ ਕਾਰੋਬਾਰੀ ਜ਼ਰੂਰਤਾਂ ਦੇ ਮੁਤਾਬਕ ਨਿਯੁਕਤੀਆਂ ਕਰਨ ਅਤੇ ਕੌਮਾਂਤਰੀ ਬਾਜ਼ਾਰ 'ਚ ਮੁਕਾਬਲੇਬਾਜ਼ ਬਣੇ ਰਹਿਣ 'ਚ ਮਦਦ ਮਿਲੇਗੀ। ਬਦਲਾਅ ਦਾ ਮਕਸਦ ਖ਼ਾਸ ਅਹੁਦਿਆਂ ਤੇ ਗ਼ੈਰ-ਲਾਭਕਾਰੀ ਤੇ ਸਰਕਾਰੀ ਖੋਜ ਸੰਗਠਨਾਂ ਲਈ ਪਰਿਭਾਸ਼ਾ ਤੇ ਮਾਪਦੰਡਾਂ ਨੂੰ ਆਧੁਨਿਕ ਬਣਾ ਕੇ ਮਾਲਿਕਾਂ ਤੇ ਕਾਮਿਆਂ ਨੂੰ ਜ਼ਿਆਦਾ ਸਹੂਲਤ ਦੇਣਾ ਹੈ। ਇਸ ਵਿਚ ਉਨ੍ਹਾਂ ਐੱਫ-1 ਵੀਜ਼ਾਧਾਰਕ ਵਿਦਿਆਰਥੀਆਂ ਲਈ ਕੁਝ ਸਹੂਲਤ ਦੀ ਵੀ ਵਿਵਸਥਾ ਕੀਤੀ ਗਈ ਹੈ, ਜੋ ਆਪਣੇ ਵੀਜ਼ੇ ਨੂੰ ਐੱਚ-1ਬੀ 'ਚ ਬਦਲਣਾ ਚਾਹੁੰਦੇ ਹਨ। ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਸੇਵਾਵਾਂ ਨੂੰ ਉਨ੍ਹਾਂ ਲੋਕਾਂ ਦੀਆਂ ਅਰਜ਼ੀਆਂ 'ਤੇ ਜ਼ਿਆਦਾ ਤੇਜ਼ੀ ਨਾਲ ਕੰਮ ਕਰਨ 'ਚ ਮਦਦ ਮਿਲੇਗੀ, ਜਿਨ੍ਹਾਂ ਨੂੰ ਪਹਿਲਾਂ ਐੱਚ-1ਬੀ ਵੀਜ਼ੇ ਲਈ ਮਨਜ਼ੂਰੀ ਮਿਲ ਚੁੱਕੀ ਸੀ।

### ਨਾਇਜੀਰੀਆ: ਮੇਲੇ ਵਿੱਚ ਮਚੀ ਭਗਦੜ 'ਚ ਕਈ ਬੱਚਿਆਂ ਦੀ ਮੌਤ

ਅਬੂਜਾ ,18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਦੱਖਣ-ਪੱਛਮੀ ਨਾਇਜੀਰੀਆ ਵਿੱਚ ਅੱਜ ਇਕ ਸਕੂਲ ਵੱਲੋਂ ਛੁੱਟੀਆਂ 'ਤੇ ਕਰਵਾਏ ਗਏ ਮੇਲੇ ਦੌਰਾਨ ਮਚੀ ਭਗਦੜ ਵਿੱਚ ਕਈ ਬੱਚਿਆਂ ਦੀ ਮੌਤ ਹੋ ਗਈ। ਸਥਾਨਕ ਗਵਰਨਰ ਨੇ ਇਹ ਜਾਣਕਾਰੀ ਦਿੱਤੀ। ਓਇਓ ਸੂਬੇ ਦੇ ਗਵਰਨਰ ਸੇਈ ਮਕਿੰਡੇ ਨੇ ਦੱਸਿਆ ਕਿ ਭਗਦੜ ਸੂਬੇ ਦੇ ਇਸਲਾਮਿਕ ਹਾਈ ਸਕੂਲ ਬਸੋਰੂਨ ਵਿੱਚ ਹੋਈ। ਉਨ੍ਹਾਂ ਦੱਸਿਆ ਕਿ ਘਟਨਾ ਦੇ ਮੱਦੇਨਜ਼ਰ ਸੁਰੱਖਿਆਂ ਬਲਾਂ ਨੂੰ ਤਾਇਨਾਤ ਕੀਤਾ ਗਿਆ ਹੈ। ਉਨ੍ਹਾਂ ਕਿਹਾ, "ਅਸੀਂ ਉਨ੍ਹਾਂ ਮਾਪਿਆਂ ਨਾਲ ਹਮਦਰਦੀ ਤੇ ਦੁੱਖ ਜ਼ਾਹਿਰ ਕਰਦੇ ਹਾਂ ਜਿਨ੍ਹਾਂ ਦੀਆਂ ਖ਼ੁਸ਼ੀਆਂ ਅਚਾਨਕ ਗਮੀ ਵਿੱਚ ਬਦਲ ਗਈਆਂ।" ਨਾਇਜੀਰੀਆ ਐਮਰਜੈਂਸੀ ਸੇਵਾਵਾਂ ਨੇ ਕਿਹਾ ਕਿ ਉਸ ਵੱਲੋਂ ਪੀੜਤਾਂ ਨੂੰ ਸਹਿਯੋਗ ਦੇਣ ਲਈ ਇਕ ਟੀਮ ਮੌਕੇ 'ਤੇ ਤਾਇਨਾਤ ਕਰ ਦਿੱਤੀ ਗਈ ਹੈ। ਜ਼ਖ਼ਮੀ ਹੋਏ ਬੱਚਿਆਂ ਨੂੰ ਸਥਾਨਕ ਹਸਪਤਾਲਾਂ 'ਚ ਲਿਜਾਇਆ ਗਿਆ ਅਤੇ ਮਾਪਿਆਂ ਨੂੰ ਲਾਪਤਾ ਬੱਚਿਆਂ ਨੂੰ ਹਸਪਤਾਲਾਂ 'ਚ ਲੱਭਣ ਲਈ ਕਿਹਾ ਗਿਆ ਹੈ।

### ਬਰੈਂਪਟਨ ਕੈਸ਼ ਐਂਡ ਕੈਰੀ ਦੀ ਧਮਾਲ ਆਫ਼ਰ, ਖਰੀਦਦਾਰੀ ਕਰੋਂ ਇਨਾਮ ਜਿੱਤੋ

ਬਰੈਂਪਟਨ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਬਰੈਂਪਟਨ ਕੈਸ਼ ਐਂਡ ਕੈਰੀ (100 ਕੈਨੇਡੀ ਰੋਡ) ਵੱਲੋਂ ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ ਤੇ ਖਰੀਦਦਾਰਾਂ ਲਈ ਧਮਾਲ ਆਫਰ ਲੈ ਕੇ ਆਇਆ। ਇਸ ਆਫ਼ਰ ਦੇ ਤਹਿਤ ਤੁਹਾਡੇ ਵੱਲੋਂ ਕੀਤੀ ਗਈ ਖਰੀਦਦਾਰੀ ਤੇ ਤੁਹਾਨੂੰ 5 ਤਰਾਂ ਦੇ ਇਨਾਮ ਜਿਵੇਂ 65 ਇੰਚ ਐਲ.ਈ.ਡੀ ਟੀ.ਵੀ, ਮਾਈਕ੍ਰੋਵੇਵ, ਮਿਕਸਰ ਗਰਾਇੰਡਰ, ਫੂਡ ਪ੍ਰੋਸੈਸਰ, ਇਲੈਕਟ੍ਰਿਕ ਪ੍ਰੈਸ ਜਿੱਤਣ ਦਾ ਮੌਕਾ ਮਿਲੇਗਾ, ਤਾਂ ਫਿਰ ਦੇਰੀ ਕਿਸ ਗੱਲ ਦੀ ਤੁਰੰਤ ਬਰੈਂਪਟਨ ਕੈਸ਼ ਐਂਡ ਕੈਰੀ ਦੇ 100 ਕੈਨੇਡੀ ਰੋਡ ਸਥਿਤ ਆਊਟਲੈੱਟ ਤੇ ਪਹੁੰਚੋ ਤੇ ਖਰੀਦਦਾਰੀ ਕਰਕੇ ਆਪਣਾ ਫੋਨ ਨੰਬਰ ਰਜਿਸਟਰਡ ਕਰੋ। ਇਸ ਆਫ਼ਰ ਤਹਿਤ 31 ਦਸੰਬਰ ਨੂੰ ਡਰਾਅ ਕੱਢੇ ਜਾਣਗੇ।















# ਟਰੰਪ ਦੀ ਭਾਰਤ ਨੂੰ ਚੇਤਾਵਨੀ, 'ਜੇ ਅਮਰੀਕੀ ਉਤਪਾਦਾਂ 'ਤੇ ਵੱਧ ਟੈਕਸ ਲਾਇਆ ਤਾਂ ਤੁਸੀਂ ਵੀ ਵਾਰੀ ਵੱਟੇ ਲਈ ਤਿਆਰ ਰਹੋ

ਵਾਸ਼ਿੰਗਟਨ,18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਨਵੀਂ ਦਿੱਲੀ ਵਲੋਂ ਕੁਝ ਅਮਰੀਕੀ ਉਤਪਾਦਾਂ ਦੀ ਦਰਾਮਦ 'ਤੇ 'ਵੱਧ ਟੈਕਸ' ਲਾਉਣ ਬਦਲੇ ਪਰਸਪਰ ਟੈਰਿਫ ਲਗਾਉਣ ਦਾ ਆਪਣਾ ਇਰਾਦਾ ਦੁਹਰਾਇਆ ਹੈ। ਟਰੰਪ ਨੇ ਸੋਮਵਾਰ ਨੂੰ ਪੱਤਰਕਾਰਾਂ ਨੂੰ ਕਿਹਾ, "ਵਾਰੀ ਦਾ ਵੱਟਾ, ਜੇ ਉਹ ਸਾਡੇ 'ਤੇ ਟੈਕਸ ਲਗਾਉਂਦੇ ਹਨ, ਤਾਂ ਅਸੀਂ ਉਨ੍ਹਾਂ ਨੂੰ ਓਨੀ ਹੀ ਰਕਮ 'ਤੇ ਟੈਕਸ ਲਗਾਉਂਦੇ ਹਾਂ। ਉਹ ਸਾਨੂੰ ਟੈਕਸ ਲਗਾਉਂਦੇ ਹਨ। ਅਸੀਂ ਉਨ੍ਹਾਂ ਨੂੰ ਟੈਕਸ ਲਗਾਉਂਦੇ ਹਾਂ। ਅਤੇ ਉਹ ਸਾਨੂੰ ਟੈਕਸ ਲਗਾਉਂਦੇ ਹਨ। ਲਗਪਗ ਸਾਰੇ ਮਾਮਲਿਆਂ ਵਿੱਚ, ਉਹ ਸਾਡੇ 'ਤੇ ਟੈਕਸ ਲਗਾ ਰਹੇ ਹਨ, ਪਰ ਅਸੀਂ ਉਨ੍ਹਾਂ 'ਤੇ ਟੈਕਸ ਨਹੀਂ ਲਗਾ ਰਹੇ ਹਾਂ।" ਟਰੰਪ ਨੇ ਇਹ ਟਿੱਪਣੀ ਚੀਨ ਨਾਲ ਸੰਭਾਵੀ ਵਪਾਰ ਸਮਝੌਤੇ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਕੀਤੀ।



ਟਰੰਪ ਨੇ ਕਿਹਾ ਕਿ ਭਾਰਤ ਅਤੇ ਬ੍ਰਾਜ਼ੀਲ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਹਨ, ਜੋ ਕੁਝ ਅਮਰੀਕੀ ਉਤਪਾਦਾਂ 'ਤੇ ਵੱਧ ਟੈਕਸ ਲਗਾਉਂਦੇ ਹਨ।

# ਧਾਮੀ ਨੇ ਸ਼੍ਰੋਮਣੀ ਕਮੇਟੀ ਦਾ ਨਿਰਾਦਰ ਕੀਤਾ : ਬੀਬੀ ਜਗੀਰ ਕੌਰ



ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਪਣੇ ਖਿਲਾਫ਼ ਕੀਤੀਆਂ ਕਥਿਤ ਅਪਮਾਨਜਨਕ ਟਿੱਪਣੀਆਂ ਲਈ ਐੱਸਜੀਪੀਸੀ ਦੇ ਮੌਜੂਦਾ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਖਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਕੌਰ ਨੇ ਕਿਹਾ ਕਿ ਧਾਮੀ ਨੇ ਸ਼੍ਰੋਮਣੀ ਕਮੇਟੀ (ਦੇ ਅਹੁਦੇ) ਦਾ ਨਿਰਾਦਰ ਕੀਤਾ ਹੈ, ਜਿਸ ਲਈ ਉਸ ਨੂੰ ਅਜਾਈਂ ਨਹੀਂ ਜਾਣ ਦਿੱਤਾ ਜਾ ਸਕਦਾ। ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਬੀਬੀ ਜਗੀਰ ਕੌਰ ਦਾ ਪੱਖ ਸੁਣਨ ਲਈ ਅੱਜ ਉਨ੍ਹਾਂ ਨੂੰ ਬੁਲਾਇਆ ਸੀ। ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਕਿਹਾ ਕਿ ਉਹ ਕਾਨੂੰਨੀ ਸਲਾਹ ਮਸ਼ਵਰਾ ਲੈਣ ਮਗਰੋਂ ਇਸ ਮਾਮਲੇ ਵਿਚ ਲੋੜੀਂਦੀ ਬਣਦੀ ਕਾਰਵਾਈ ਕਰਨਗੇ। ਕਾਬਿਲੇਗੌਰ ਹੈ ਕਿ ਧਾਮੀ ਨੇ ਇਕ ਪੱਤਰਕਾਰ ਨਾਲ ਟੈਲੀਫੋਨ ਉੱਤੇ ਗੱਲਬਾਤ ਦੌਰਾਨ ਬੀਬੀ ਜਗੀਰ ਕੌਰ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਬਾਰੇ ਕਥਿਤ ਮਾੜਾ ਚੰਗਾ ਬੋਲਿਆ ਸੀ।

ਬੀਬੀ ਜਗੀਰ ਕੌਰ ਨੇ ਅੱਜ ਕਮਿਸ਼ਨ ਅੱਗੇ ਪੇਸ਼ ਹੋਣ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਪਣੇ ਖਿਲਾਫ਼ ਬੋਲੇ ਅਪਸ਼ਬਦਾਂ ਲਈ ਧਾਮੀ ਨੂੰ ਭੰਡਿਆ। ਕੌਰ ਨੇ ਕਿਹਾ ਕਿ ਧਾਮੀ, ਜੋ ਸ਼ਾਨਾਮੱਤੀ ਇਤਿਹਾਸ ਵਾਲੇ ਇਕ ਅਹੁਦੇ 'ਤੇ ਬੈਠੇ ਹਨ, ਦੀਆਂ ਇਨ੍ਹਾਂ ਟਿੱਪਣੀਆਂ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ, "ਜੇ ਕੋਈ ਵਿਅਕਤੀ ਜੋ ਖ਼ੁਦ ਨੂੰ ਬੁੱਧੀਮਾਨ ਅਖਵਾਉਂਦਾ ਹੈ ਅਤੇ ਅਜਿਹੀ ਕੁਰਸੀ 'ਤੇ ਬੈਠਾ ਹੈ, ਜਿਸ ਦਾ ਗੌਰਵਮਈ ਇਤਿਹਾਸ ਹੈ, ਅਤੇ ਅਜਿਹੀ ਭਾਸ਼ਾ ਬੋਲਦਾ ਹੈ, ਤਾਂ ਮਨੁੱਖਤਾ ਅਤੇ ਸਿੱਖ ਕੌਮ ਨੂੰ ਕਿੰਨਾ ਦੁੱਖ ਪਹੁੰਚਿਆ ਹੋਵੇਗਾ। ਲੋਕਾਂ ਨੇ ਮਹਿਸੂਸ ਕੀਤਾ ਹੈ ਕਿ ਇਹ ਬਹੁਤ ਵੱਡਾ ਨਿਰਾਦਰ ਹੈ। ਮੈਨੂੰ ਬਹੁਤ ਦੁੱਖ ਹੈ ਕਿ ਅਹੁਦੇ (ਐੱਸਜੀਪੀਸੀ ਪ੍ਰਧਾਨ ਦੇ ਅਹੁਦੇ) ਦਾ ਅਪਮਾਨ ਹੋਇਆ ਹੈ। ਇਤਿਹਾਸ ਵਿੱਚ ਪਹਿਲੀ ਵਾਰ ਹੈ ਜਦੋਂ ਸ਼ ?ਰੋਮਣੀ ਕਮੇਟੀ ਦਾ ਪ੍ਰਧਾਨ ਅਪਮਾਨਜਨਕ ਟਿੱਪਣੀ ਕਰਨ ਬਦਲੇ ਮਹਿਲਾ ਕਮਿਸ਼ਨ ਅੱਗੇ ਪੇਸ਼ ਹੋਇਆ ਹੈ।" ਕੌਰ ਨੇ ਧਾਮੀ ਖਿਲਾਫ਼ ਕਾਰਵਾਈ ਦੀ ਮੰਗ ਕਰਦਿਆਂ ਕਿਹਾ, "ਮੈਂ ਕਮਿਸ਼ਨ ਨੂੰ ਅਪੀਲ ਕੀਤੀ ਹੈ ਕਿ ਉਹ ਕਾਨੂੰਨ ਮੁਤਾਬਕ ਕਾਰਵਾਈ ਕਰੇ। ਇਸ ਮਾਮਲੇ ਵਿਚ ਕਾਨੂੰਨੀ ਕਾਰਵਾਈ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ। ਉਹ ਕਾਨੂੰਨੀ ਕਾਰਵਾਈ ਕਰਨਗੇ।" ਚੇਤੇ ਰਹੇ ਕਿ ਧਾਮੀ ਆਪਣੀਆਂ ਇਨ੍ਹਾਂ ਟਿੱਪਣੀਆਂ ਲਈ ਲਿਖਤੀ ਮੁਆਫ਼ੀ ਮੰਗ ਚੁੱਕੇ ਹਨ। ਉਨ੍ਹਾਂ ਸੋਮਵਾਰ ਨੂੰ ਕਮਿਸ਼ਨ ਅੱਗੇ ਪੇਸ਼ ਹੋ ਕੇ ਆਪਣੀਆਂ ਟਿੱਪਣੀਆਂ ਲਈ ਮੁਆਫ਼ੀ ਮੰਗੀ ਸੀ।













BRAMPTON
CASH & CARRY
Importer | Wholesaler | Retailer
CHRISTMAS
&
NEW YEAR
DHAMAAL
SHOPPING KARO TE REGISTER KARKE
PARTICIPATE KARO IN THE LUCKY
DRAW AND WIN EXCITING PRIZES
100 Kennedy Rd S,
Brampton, ON L6W 3E7, Canada
DRAW DATE
31ST DEC.2024
905-230-4800

# ਸਿੱਧੇ ਸੁਪਰੀਮ ਕੋਰਟ ਆਉਣ ਕਿਸਾਨ, ਜਾਇਜ਼ ਮੰਗਾਂ ਤੇ ਕਰਾਂਗੇ ਸੁਣਵਾਈ-SC

ਸੰਭੂ ਬਾਰਡਰ ,18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਅੱਜ ਸ਼ੰਭੂ ਬਾਰਡਰ ਬੰਦ ਹੋਣ ਅਤੇ ਪੰਜਾਬ ਹਰਿਆਣਾ ਦੀ ਸਰਹੱਦ ਤੇ ਚੱਲ ਰਹੇ ਅੰਦੋਲਨ ਨੂੰ ਲੈਕੇ ਸੁਪਰੀਮ ਕੋਰਟ ਵਿੱਚ ਅਹਿਮ ਸੁਣਵਾਈ ਹੋਈ। ਜਿਸ ਵਿੱਚ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਵਕੀਲ ਹਾਜ਼ਰ ਹੋਏ। ਕੋਰਟ ਨੇ ਸੁਣਵਾਈ ਦੀ ਸ਼ੁਰੁਆਤ ਵਿੱਚ ਹੀ ਡੱਲੇਵਾਲ ਦੀ ਸਿਹਤ ਦੀ ਜਾਣਕਾਰੀ ਮੰਗੀ। ਇਸ ਤੋਂ ਬਾਅਦ ਸੁਪਰੀਮ ਕੋਰਟ ਨੂੰ ਸਿੱਧੇ ਕੋਰਟ ਆਉਣ ਦਾ ਵੀ ਪ੍ਰਸਤਾਵ ਦਿੱਤਾ। ਜਸਟਿਸ ਸੂਰਿਆ ਕਾਂਤ ਅਤੇ ਉੱਜਲ ਭੂਯਾਨ ਦੀ ਬੈਂਚ ਨੇ ਕਿਹਾ ਕਿ ਕੋਰਟ ਕਿਸਾਨਾਂ ਦੀਆਂ ਮੰਗਾਂ ਸੁਣਨ ਲਈ ਤਿਆਰ ਹੈ।

**ਡੱਲੇਵਾਲ ਦੀ ਸਿਹਤ ਬਾਰੇ ਦਿੱਤੀ ਜਾਣਕਾਰੀ**

ਪੰਜਾਬ ਸਰਕਾਰ ਵੱਲੋਂ ਸੁਪਰੀਮ ਕੋਰਟ ਵਿੱਚ ਪੇਸ਼ ਹੋਏ ਵਕੀਲ ਨੇ ਮਰਨ ਵਰਤ ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸਬੰਧੀ ਕੋਰਟ ਨੂੰ ਜਾਣਕਾਰੀ ਦਿੱਤੀ। ਵਕੀਲ ਨੇ ਕਿਹਾ ਕਿ ਕੋਰਟ ਦੇ ਹੁਕਮਾਂ ਮੁਤਾਬਿਕ ਸਰਕਾਰ ਨੇ ਡੱਲੇਵਾਲ ਨੂੰ ਸਿਹਤ ਸਹੂਲਤਾਂ ਦੀ ਪੇਸ਼ਕਸ ਕੀਤੀ ਸੀ। ਪਰ ਡੱਲੇਵਾਲ ਕੋਈ ਵੀ ਮੈਡੀਕਲ ਟੈਸਟ ਨਹੀਂ ਕਰਵਾਉਣਾ ਚਾਹੁੰਦੇ।

**ਡੱਲੇਵਾਲ ਤੇ ਸਾਥੀਆਂ ਦਾ ਦਬਾਅ ਹੋਵੇਗਾ-SC**

ਸੁਣਵਾਈ ਦੌਰਾਨ ਕੋਰਟ ਨੇ ਕਿਹਾ ਕਿ ਡੱਲੇਵਾਲ ਦੀ ਜਾਨ ਬਹੁਤ ਕੀਮਤੀ ਹੈ। ਡੱਲੇਵਾਲ ਦੇ ਮਨ ਅੰਦਰ ਕੁੱਝ ਭਾਵਨਾਵਾਂ ਹਨ ਅਤੇ ਕੁੱਝ ਉਹਨਾਂ ਉੱਪਰ ਆਪਣੇ ਸਾਥੀ ਕਿਸਾਨਾਂ ਦਾ ਵੀ ਦਬਾਅ ਹੋਵੇਗਾ। ਉੱਧਰੋਂ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸੋਲੀਸੀਟਰ ਜਰਨਲ ਨੇ ਕਿਹਾ ਕਿ ਜੇਕਰ ਡੱਲੇਵਾਲ ਨੂੰ ਕੁੱਝ ਹੋ ਗਿਆ ਤਾਂ ਬਹੁਤ ਮੁਸ਼ਕਿਲ ਹੋ ਜਾਵੇਗੀ।



**ਸਿੱਧੇ ਕੋਰਟ ਆ ਜਾਣ ਕਿਸਾਨ-SC**

ਕਿਸਾਨਾਂ ਨੇ ਸੁਪਰੀਮ ਕੋਰਟ ਵੱਲੋਂ ਬਣਾਈ ਕਮੇਟੀ ਅੱਗੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਕਿਸਾਨਾਂ ਦਾ ਇਲਜ਼ਾਮ ਸੀ ਕਿ ਜਿਸ ਕਮੇਟੀ ਕੋਲ ਫੈਸਲਾ ਲੈਣ ਦੀ ਕੋਈ ਸ਼ਕਤੀ ਨਹੀਂ ਹੈ ਅਜਿਹੀ ਕਮੇਟੀ ਸਾਹਮਣੇ ਪੇਸ਼ ਹੋਣ ਦਾ ਕੀ ਫਾਇਦਾ। ਜਿਸ ਦੀ ਜਾਣਕਾਰੀ ਸੁਣਵਾਈ ਦੌਰਾਨ ਕੋਰਟ ਨੂੰ ਦਿੱਤੀ ਗਈ। ਜਿਸ ਉੱਪਰ ਜਸਟਿਸ ਸੂਰਿਆ ਕਾਂਤ ਅਤੇ ਉੱਜਲ ਭੂਯਾਨ ਦੀ ਬੈਂਚ ਨੇ ਕਿਹਾ ਕਿ ਜੇਕਰ ਕਿਸਾਨ ਕਮੇਟੀ ਅੱਗੇ ਜਾਣ ਲਈ ਤਿਆਰ ਨਹੀਂ ਹਨ ਤਾਂ ਉਹ ਸਾਡੇ ਕੋਲ ਆ ਸਕਦੇ ਹਨ। ਸੁਪਰੀਮ ਕੋਰਟ ਨੇ ਪੰਜਾਬ ਦੇ ਐਡਵੋਕੇਟ ਜਰਨਲ ਨੂੰ ਕਿਹਾ ਕਿ ਅਸੀਂ ਕਿਸਾਨਾਂ ਦੀਆਂ ਮੰਗਾਂ ਨੂੰ ਸੁਣਨ ਲਈ ਤਿਆਰ ਹਨ। ਕੋਰਟ ਕਿਸਾਨਾਂ ਦੀਆਂ ਜਾਇਜ਼ ਮੰਗਾਂ ਉੱਪਰ ਵਿਚਾਰ ਵੀ ਕਰੇਗੀ। ਨਾਲ ਹੀ ਸੁਪਰੀਮ ਕੋਰਟ ਨੇ ਕਿਹਾ ਕਿ ਕਿਸਾਨਾਂ ਨੂੰ ਵੀ ਡੱਲੇਵਾਲ ਦੀ ਸਿਹਤ ਦੀ ਚਿੰਤਾ ਕਰਨੀ ਚਾਹੀਦੀ ਹੈ। ਸਾਡੇ ਸਾਰਿਆਂ ਲਈ ਡੱਲੇਵਾਲ ਦੀ ਜਾਣ ਕੀਮਤੀ ਹੈ।

# ਮੁੰਬਈ ਤੱਟ ਨੇੜੇ ਕਿਸ਼ਤੀ ਪਲਟਣ ਕਾਰਨ 13 ਵਿਅਕਤੀਆਂ ਦੀ ਮੌਤ, 99 ਹੋਰਾਂ ਨੂੰ ਬਚਾਇਆ



ਮੁੰਬਈ, 18 ਦਸੰਬਰਮਹਾਰਾਸ਼ਟਰ ਦੇ ਮੁੰਬਈ ਤੱਟ ਨੇੜੇ ਅੱਜ ਇਕ ਕਿਸ਼ਤੀ ਪਲਟਣ ਕਾਰਨ ਉਸ ਵਿੱਚ ਸਵਾਰ 13 ਵਿਅਕਤੀਆਂ ਦੀ ਮੌਤ ਹੋ ਗਈ ਜਦਕਿ 99 ਹੋਰ ਵਿਅਕਤੀਆਂ ਨੂੰ ਬਚਾਅ ਲਿਆ ਗਿਆ। ਭਾਰਤੀ ਜਲ ਸੈਨਾ ਨੇ ਇਹ ਜਾਣਕਾਰੀ ਦਿੱਤੀ। ਮਰਨ ਵਾਲਿਆਂ ਵਿੱਚ 10 ਆਮ ਲੋਕਾਂ ਤੋਂ ਇਲਾਵਾ ਜਲ ਸੈਨਾ ਦੀ ਸਪੀਡ ਬੋਟ 'ਤੇ ਸਵਾਰ ਜਲ ਸੈਨਾ ਦਾ ਇਕ ਮੁਲਾਜ਼ਮ ਅਤੇ ਓਰੀਜਨਲ ਇਕਊਪਮੈਂਟ ਮੈਨੂਫੈਕਚਰਰ (ਓ.ਈ.ਐੱਮ) ਦੇ ਦੋ ਮੁਲਾਜ਼ਮ ਸ਼ਾਮਲ ਹਨ। ਜਲ ਸੈਨਾ ਨੇ ਦੱਸਿਆ ਕਿ ਨੀਲਕਮਲ ਨਾਮ ਕਿਸ਼ਤੀ ਮੁੰਬਈ ਨੇੜੇ ਸਥਿਤ ਸੈਰ-ਸਪਾਟੇ ਵਾਲੀ ਥਾਂ 'ਐਲੀਫੈਂਟਾ' ਦੀਪ ਜਾ ਰਹੀ ਸੀ ਤਾਂ ਸ਼ਾਮ ਕਰੀਬ 4 ਵਜੇ ਜਲ ਸੈਨਾ ਦੀ ਇਕ ਸਪੀਡ ਬੋਟ ਉਸ ਨਾਲ ਟਕਰਾ ਗਈ। ਘਟਨਾ ਦਾ ਕਥਿਤ ਵੀਡੀਓ ਵੀ ਪ੍ਰਸਾਰਿਤ ਹੋਇਆ ਹੈ। ਜਲ ਸੈਨਾ ਨੇ ਦੱਸਿਆ ਕਿ ਘਟਨਾ ਦਾ ਪਤਾ ਲੱਗਦੇ ਹੀ ਵੱਡੀ ਪੱਧਰ 'ਤੇ ਰਾਹਤ ਤੇ ਬਚਾਅ ਮੁਹਿੰਮ ਸ਼ੁਰੂ ਕਰ ਦਿੱਤੀ ਗਈ। ਬਚਾਅ ਮੁਹਿੰਮ ਵਿੱਚ ਜਲ ਸੈਨਾ ਦੀਆਂ 11 ਕਿਸ਼ਤੀਆਂ, ਸਮੁੰਦਰੀ ਪੁਲੀਸ ਦੀਆਂ ਤਿੰਨ ਕਿਸ਼ਤੀਆਂ ਅਤੇ ਤੱਟ ਰੱਖਿਅਕ ਬਲ ਦੀ ਇਕ ਕਿਸ਼ਤੀ ਦਾ ਇਸਤੇਮਾਲ ਕੀਤਾ ਗਿਆ।

Admission Open
Diploma in Naturopathy and Yoga.
Take Charge of Your Good Health. Keep Yourself and Your family Healthy without medicines. Also make Naturopathy your Career option



- Course duration 3 years including internship
- Eligibility : Age 18 years and above
- Qualification 12th pass in any stream
- . Online / Offline classes on weekends.
- Classes in English and Hindi

Aarogya Vidhya and Naturopathy Institute Mohali.
Contact 9779773404 / 8437413522
Email: aarogyavidhya1@gmail.com, Instagram: aarogyavidhya Facebook: aarogya vidhya and Naturopathy institute









# ਵਿਰਸਾ ਸਿੰਘ ਵਲਟੋਹਾ ਨੇ ਸੋਸ਼ਲ ਮੀਡੀਆ ਤੇ ਸਾਂਝੀ ਕੀਤੀ ਵੀਡੀਓ, ਵਲਟੋਹਾ ਤੇ ਗਿਆਨੀ ਹਰਪ੍ਰੀਤ ਸਿੰਘ ਫਿਰ ਆਹਮਣੇ ਸਾਹਮਣੇ

ਪੰਜਾਬ 18 ਦਸੰਬਰ (ਵਿਸ਼ਵ ਪੰਜਾਬੀ ਸਾਂਝ)- ਸ੍ਰੋਮਣੀ ਅਕਾਲੀ ਦਲ ਦੇ ਸਾਬਕਾ ਆਗੂ ਵਿਰਸਾ ਸਿੰਘ ਵਲਟੋਹਾ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਲਗਾਏ ਗਏ ਇਲਜ਼ਾਮ ਇੱਕ ਵਾਰ ਫਿਰ ਚਰਚਾਵਾਂ ਵਿੱਚ ਆ ਗਏ ਨੇ, ਦਰਅਸਲ ਸਾਬਕਾ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਆਪਣੇ ਸ਼ੋਸਲ ਮੀਡੀਆ ਹੈਂਡਲ ਤੇ ਇੱਕ ਵੀਡੀਓ ਸ਼ੇਅਰ ਕੀਤੀ ਹੈ। ਇਸ ਵੀਡੀਓ ਨੂੰ ਸ਼ੇਅਰ ਕਰਦਿਆਂ ਉਹਨਾਂ ਨੇ ਦਾਅਵਾ ਕੀਤਾ ਹੈ ਕਿ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਇਸ ਗੱਲ ਨੂੰ ਕਬੂਲ ਰਹੇ ਹਨ ਕਿ ਉਹਨਾਂ ਦੀ ਭਾਜਪਾ ਨਾਲ ਸਾਂਝ ਹੈ। ਇਸ ਵੀਡੀਓ ਨੂੰ ਸਾਂਝਾਂ ਕਰਨ ਤੋਂ ਬਾਅਦ ਵਿਰਸਾ ਸਿੰਘ ਵਲਟੋਹਾ ਤੇ ਗਿਆਨੀਂ ਹਰਪ੍ਰੀਤ ਸਿੰਘ ਇੱਕ ਵਾਰ ਫਿਰ ਆਹਮਣੇ ਸਾਹਮਣੇ ਆ ਗਏ ਹਨ।



ਵੀਡੀਓ ਸਾਂਝੀ ਕਰ ਵਲਟੋਹਾ ਨੇ ਲਿਖਿਆ 'ਅੱਜ ਸਵੇਰੇ ਉੱਠਕੇ ਮੈਂ ਦੇਖਿਆ ਕਿ ਇੱਕ ਵੀਡੀਓ ਕਲਿੱਪ ਵੱਡੇ ਪੱਧਰ 'ਤੇ ਵਾਇਰਲ ਹੋ ਰਿਹਾ ਸੀ, ਇਹ ਕਲਿੱਪ 15 ਅਕਤੂਬਰ ਦੀ ਮੇਰੀ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ੀ ਸਮੇਂ ਦਾ ਹੈ ਜ਼ਥੇਦਾਰ ਗਿਆਨੀ ਹਰਪ੍ਰੀਤ ਸਿੰਘ ਜੀ ਨੇ ਮੇਰੀ ਤਲਬੀ ਸਮੇਂ ਤੈਸ਼ 'ਚ ਆਕੇ ਬਹੁਤ ਕੁੱਝ ਸਵੀਕਾਰ ਕੀਤਾ ਸੀ ਉਨਾਂ ਇਹ ਵੀ ਸਵੀਕਾਰ ਕੀਤਾ ਕਿ, "ਹਾਂ ਮੇਰੀ BJP ਨਾਲ ਸਾਂਝ ਹੈ।"ਤੈਸ਼ 'ਚ ਹੀ ਕੇਂਦਰ ਸਰਕਾਰ ਨਾਲ ਸਾਂਝ ਤੇ ਪ੍ਰਧਾਨ ਮੰਤਰੀ ਨਾਲ ਫੋਨ 'ਤੇ ਹੁੰਦੀ ਗੱਲਬਾਤ ਨੂੰ ਵੀ ਸਵੀਕਾਰ ਕੀਤਾ।

**27 ਸੈਕਿੰਡ ਦੀ ਜਗਹਾ ਤੇ ਪੁਰੀ ਡੇਢ ਘੰਟੇ ਦੀ ਵੀਡੀਓ ਸਾਂਝੀ ਕਰਨ ਵਲਟੋਹਾ: ਗਿਆਨੀ ਹਰਪ੍ਰੀਤ**



ਉਧਰ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਵਿਰਸਾ ਸਿੰਘ ਵਲਟੋਹਾ ਵੱਲੋਂ 15 ਅਕਤੂਬਰ ਨੂੰ ਸਕੱਤਰੇਤ ਵਿਖੇ ਹੋਈ ਗੱਲਬਾਤ ਦੌਰਾਨ ਤਲਖ਼ੀ ਦੀ ਵੀਡੀਓ ਨੂੰ ਸੋਸ਼ਲ ਮੀਡੀਆ ਤੇ ਸਾਂਝਾ ਕੀਤੇ ਜਾਣ ਤੇ ਕਿਹਾ ਕਿ ਸਾਲਾ ਸਾਲੀ ਕਹਿਣਾ ਮਲਵਈਆਂ ਦੀ ਭਾਸ਼ਾ ਵਿੱਚ ਸ਼ਾਮਲ ਹੈ ਅਤੇ ਗੱਲਬਾਤ ਕਰਦਿਆਂ ਅਜਿਹਾ ਮੂੰਹੋਂ ਨਿਕਲ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਰਫ 27 ਸੈਕਿੰਡ ਦੀ ਵੀਡੀਓ ਜਾਰੀ ਕੀਤੀ ਗਈ ਹੈ। ਇਹ ਵੀਡੀਓ ਸਿਰਫ ਤਾਂ ਸਿਰਫ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਪਾਸ ਸੀ, ਉਨ੍ਹਾਂ ਨੂੰ ਨਹੀਂ ਪਤਾ ਕਿ ਇਹ ਵੀਡੀਓ ਬਾਹਰ ਕਿਸ ਤਰ੍ਹਾਂ ਆਈ ਹੈ। ਉਨ੍ਹਾਂ ਕਿਹਾ ਕਿ ਇਹ ਪੂਰੀ ਵੀਡੀਓ ਡੇਢ ਘੰਟੇ ਦੀ ਹੈ ਜਿਸ ਨੂੰ ਜਨਤਕ ਕਰਨਾ ਚਾਹੀਦਾ ਹੈ ਸੰਗਤਾਂ ਜਦ ਇਸ ਵੀਡੀਓ ਨੂੰ ਸੁਣਨੀਆਂ ਤਾਂ ਇਹੋ ਹੀ ਕਹਿਣਗੀਆਂ ਕਿ ਵਿਰਸਾ ਸਿੰਘ ਵਲਟੋਹਾ ਖ਼ਲਾਫ਼ ਹੋਰ ਸਖ਼ਤ ਫ਼ੈਸਲਾ ਕਿਉਂ ਨਹੀਂ ਲਿਆ ਗਿਆ।

ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !
ਹੁਣ ਤੁਹਾਡੀ ਸੇਵਾ ਵਿੱਚ
BRAMPTON CASH & CARRY
ਇੱਕ ਨਵੀਂ ਬ੍ਰਾਂਚ ਬਹੁਤ ਜ਼ਲਦ ਖੁੱਲ ਰਹੀ ਹੈ
3643 Portage Rd, Niagara Falls
416-700-9100

## ਕੈਨੇਡਾ 'ਚ ਵਾਪਰੇ ਸੜਕ ਹਾਦਸੇ 'ਚ 21 ਸਾਲਾ ਲੜਕੀ ਦੀ ਮੌਤ



ਕੈਨੇਡਾ 18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) -ਇੱਕ ਸਾਲ ਪਹਿਲਾਂ ਕੈਨੇਡਾ ਵਿਖੇ ਪੜ੍ਹਾਈ ਕਰਨ ਲਈ ਲਈ ਆਈ 21 ਸਾਲਾਂ ਸੰਗਮ ਨਾਮਕ ਲੜਕੀ ਦੀ ਸੜਕ ਹਾਦਸੇ ਵਿੱਚ ਮੌਤ ਹੋਈ ਹੈ। ਸੰਗਮ ਦੀ ਲਾਸ਼ ਅੱਜ ਪੰਜਾਬ ਪਹੁੰਚਣ ਤੇ ਉਸਦੇ ਪਿੰਡ ਵਿੱਚ ਅੰਤਿਮ ਸਸਕਾਰ ਕੀਤਾ ਗਿਆ। ਇਸ ਮੋਕੇ ਤੇ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਸਮੇਤ ਰਿਸ਼ਤੇਦਾਰਾਂ ਅਤੇ ਪਿੰਡ ਵਾਸੀਆਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਨਵਾਂ ਸ਼ਹਿਰ ਦੇ ਪਿੰਡ ਔੜ ਵਾਸੀ ਮਿਸ਼ਨਰੀ ਗਾਇਕ ਐੱਸਐੱਸ ਅਜ਼ਾਦ ਨੇ ਦੱਸਿਆ ਕਿ ਉਸਦੀ ਭਤੀਜੀ ਸੰਗਮ ਇਕ ਸਾਲ ਪਹਿਲਾਂ ਕੈਨੇਡਾ ਪੜ੍ਹਨ ਲਈ ਗਈ ਸੀ। ਜਿੱਥੇ ਉਸ ਦੀ ਸੜਕ ਹਾਦਸੇ 'ਚ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਭਰਾ ਦੇਵੀ ਦਿਆਲ ਨੇ ਬਹੁਤ ਮਿਹਨਤ ਕਰਕੇ ਬੇਟੀ ਸੰਗਮ ਨੂੰ ਪੜ੍ਹਣ ਲਈ ਕੈਨੇਡਾ ਭੇਜਿਆ ਸੀ। ਪਰ ਰੱਬ ਨੂੰ ਕੁਝ ਹੋਰ ਹੀ ਮੰਜ਼ੂਰ ਸੀ।

## ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਦੇ ਮਾਮਲੇ 'ਚ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਲਈ ਬਣਾਈ ਕਮੇਟੀ, SIT ਤੋਂ ਮੰਗੀ ਸਟੇਟਸ ਰਿਪੋਰਟ

ਚੰਡੀਗੜ 18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪੁਲਿਸ ਹਿਰਾਸਤ 'ਚ ਖਰੜ ਦੇ ਸੀਆਈਏ ਥਾਣੇ 'ਚ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਹੋਈ ਟੀਵੀ ਇੰਟਰਵਿਊ ਮਾਮਲੇ 'ਚ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਜਾਂਚ ਕਮੇਟੀ ਦਾ ਗਠਨ ਕੀਤਾ ਹੈ। ਇਹ ਕਮੇਟੀ ਰਿਟਾਇਰਡ ਜੱਜ ਰਾਜੀਵ ਰੰਜਨ ਰੈਣਾ ਦੀ ਅਗਵਾਈ 'ਚ ਜਾਂਚ ਕਰੇਗੀ। ਹਾਈ ਕੋਰਟ ਨੇ ਜਸਟਿਸ ਰੈਣਾ ਦਾ ਨਾਂ ਪੰਜਾਬ ਸਰਕਾਰ ਵਲੋਂ ਰਿਟਾਇਰਡ ਜੱਜ ਦੇ ਸੌਂਪੇ ਗਏ ਨਾਵਾਂ 'ਚੋਂ ਚੁਣਿਆ ਹੈ। ਹਾਈ ਕੋਰਟ ਨੇ ਕਿਹਾ ਕਿ ਜਸਟਿਸ ਰੈਣਾ ਪੁਲਿਸ ਅਧਿਕਾਰੀਆਂ ਖਿਲਾਫ਼ ਜਾਂਚ ਕਰ ਰਹੇ ਹਨ, ਅਜਿਹੇ 'ਚ ਉਨ੍ਹਾਂ ਨੂੰ ਸਖ਼ਤ ਸੁਰੱਖਿਆ ਤੇ ਜਾਂਚ ਲਈ ਜ਼ਰੂਰੀ ਵਸੀਲੇ ਮੁੱਹਈਆ ਕਰਵਾਏ ਜਾਣ।

JD WEB SERUICES
OUR SERVICES
GRAPHIC DESIGN
UI/UX DESIGN
WEB DESIGN
ANDROID APPS
WEB DEVELOPMENT
SOCIAL MEDIA PROMOTION
JASWINDER SINGH BITTA
+1 (647) 967-6630
JASHANDEEP SINGH
90416-19321
www.jdwebservices.com
OUR PRODUCTS
INVOICE
INVOICE MANAGEMENT SOFTWARE
VIEW DEMO
ADVOC8
ADVOCATE'S DAILY DIARY
MANAGEMENT SOFTWARE
VIEW DEMO
https://advoc8.in
CAREER ENGINE
OUR COURSES
GRAPHIC & MOTION DESIGN
FULL STACK DEVELOPMENT
FLUTTER APP DEVELOPMENT
7 MONTHS
COURSE DURATION
$100/- USD
FEE PER MONTH
www.careerengine.in

## ਪਦਮ ਸ਼੍ਰੀ ਨਾਲ ਸਨਮਾਨਿਤ 'ਟਰੀ ਮਦਰ' ਤੁਲਸੀ ਗੌੜਾ ਦਾ ਦੇਹਾਂਤ, ਪ੍ਰਧਾਨ ਮੰਤਰੀ ਮੋਦੀ ਨੇ ਜਤਾਇਆ ਦੁੱਖ



ਦਿੱਲੀ (ਵਿਸ਼ਵ ਪੰਜਾਬੀ ਸਾਂਝ ਕੈਨੇਡਾ) - ਪਦਮ ਸ਼੍ਰੀ ਐਵਾਰਡੀ ਤੁਲਸੀ ਗੌੜਾ, ਜਿਨਾਂ ਨੂੰ ਟਰੀ ਮਦਰ ਕਿਹਾ ਜਾਂਦਾ ਹੈ, ਦਾ ਸੋਮਵਾਰ ਨੂੰ ਦੇਹਾਂਤ ਹੋ ਗਿਆ। ਉਨ੍ਹਾਂ ਨੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਸਮੇਤ ਕਈ ਪ੍ਰਸਿੱਧ ਵਿਅਕਤੀਆਂ ਦੇ ਸਾਹਮਣੇ ਨੰਗੇ ਪੈਰ ਅਤੇ ਆਦਿਵਾਸੀ ਪਹਿਰਾਵੇ ਵਿੱਚ ਪਦਮ ਸ਼੍ਰੀ ਪੁਰਸਕਾਰ ਪ੍ਰਾਪਤ ਕੀਤਾ ਸੀ। ਤੁਲਸੀ ਗੌੜਾ ਹਲਕਾਕੀ ਭਾਈਚਾਰੇ ਨਾਲ ਸਬੰਧਤ ਸੀ। ਉਹ 86 ਸਾਲਾਂ ਦੇ ਸਨ ਅਤੇ ਬੁਢਾਪੇ ਨਾਲ ਸਬੰਧਤ ਬਿਮਾਰੀਆਂ ਤੋਂ ਪੀੜਤ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਤੁਲਸੀ ਗੌੜਾ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਹ ਵਾਤਾਵਰਣ ਸੁਰੱਖਿਆ ਲਈ ਮਾਰਗ ਦਰਸ਼ਕ ਬਣੇ ਰਹਿਣਗੇ।

AASHIRVAAD
AASHIRVAAD ATTA
Weight
20 Pond
Price
$12.99
BRAMPTON CASH & CARRY

# ਰੂਸ ਨੇ ਕੈਂਸਰ ਦੀ ਵੈਕਸੀਨ ਬਣਾਉਣ ਦਾ ਕੀਤਾ ਦਾਅਵਾ, ਸਫਲ ਰਿਹਾ ਤਾਂ ਕੀਮੋਥੈਰੇਪੀ ਦੀ ਨਹੀਂ ਪਵੇਗੀ ਲੋੜ

ਰੂਸ 18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਰੂਸ ਦੇ ਸਿਹਤ ਮੰਤਰਾਲੇ ਨੇ ਕੈਂਸਰ ਦੀ ਵੈਕਸੀਨ ਬਣਾਉਣ ਦਾ ਦਾਅਵਾ ਕੀਤਾ ਹੈ। ਜੋ ਟੀਕਾ ਵਿਕਸਿਤ ਕੀਤਾ ਗਿਆ ਹੈ ਉਹ ਇੱਕ MRNA ਵੈਕਸੀਨ ਹੈ। ਰੂਸ ਦੇ ਦਾਅਵਿਆਂ ਦੇ ਵਿਚਕਾਰ, ਇਹ ਜਾਣਨਾ ਵੀ ਜ਼ਰੂਰੀ ਹੈ ਕਿ ਕੀ ਇਸ ਟੀਕੇ ਦੇ ਆਉਣ ਤੋਂ ਬਾਅਦ, ਕੈਂਸਰ ਵਰਗੀ ਘਾਤਕ ਬਿਮਾਰੀ ਅਸਲ ਵਿੱਚ ਕਾਬੂ ਵਿੱਚ ਆ ਜਾਵੇਗੀ? ਰੂਸ ਨੇ ਕੈਂਸਰ ਦੀ ਵੈਕਸੀਨ ਬਣਾਉਣ ਦਾ ਦਾਅਵਾ ਕੀਤਾ ਹੈ। ਰੂਸੀ ਸਿਹਤ ਮੰਤਰਾਲੇ ਦੇ ਰੇਡੀਓਲੋਜੀ ਮੈਡੀਕਲ ਰਿਸਰਚ ਸੈਂਟਰ ਦੇ ਡਾਇਰੈਕਟਰ ਆਂਦਰੇਈ ਕਾਪ੍ਰਿਨ ਨੇ ਰੇਡੀਓ 'ਤੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਦਾ ਦੇਸ਼ ਕੈਂਸਰ ਦੀ ਵੈਕਸੀਨ ਬਣਾਉਣ 'ਚ ਸਫਲ ਹੋ ਗਿਆ ਹੈ। ਇਹ ਵੈਕਸੀਨ ਅਗਲੇ ਸਾਲ ਤੋਂ ਰੂਸ ਦੇ ਲੋਕਾਂ ਨੂੰ ਮੁਫਤ ਦਿੱਤੀ ਜਾਵੇਗੀ। ਰੂਸ ਨੇ ਜੋ ਟੀਕਾ ਵਿਕਸਿਤ ਕੀਤਾ ਹੈ ਉਹ ਇੱਕ MRNA ਵੈਕਸੀਨ ਹੈ।

### ਕੀ ਇਸ ਟੀਕੇ ਦੇ ਆਉਣ ਤੋਂ ਬਾਅਦ, ਕੈਂਸਰ ਵਰਗੀ ਘਾਤਕ ਬਿਮਾਰੀ ਅਸਲ ਵਿੱਚ ਕਾਬੂ ਵਿੱਚ ਆ ਜਾਵੇਗੀ?

ਕੀ ਟੀਕਾ ਦਹਾਕਿਆਂ ਪੁਰਾਣੀ ਕੈਂਸਰ ਦੀ ਬਿਮਾਰੀ ਨੂੰ ਰੋਕਣ ਵਿੱਚ ਕਾਮਯਾਬ ਹੋਵੇਗਾ? ਇਸ ਬਾਰੇ ਧਰਮਸ਼ੀਲਾ ਨਰਾਇਣ ਹਸਪਤਾਲ ਦੇ ਸਰਜੀਕਲ ਓਨਕੋਲੋਜੀ ਵਿਭਾਗ ਦੇ ਡਾਇਰੈਕਟਰ ਡਾ: ਅੰਸ਼ੁਮਨ ਕੁਮਾਰ ਤੋਂ ਜਾਣਦੇ ਹਾਂ।

### ਕੀ ਕੀਮੋਥੈਰੇਪੀ ਦੀ ਲੋੜ ਨਹੀਂ ਪਵੇਗੀ?

ਡਾ: ਅੰਸ਼ੁਮਨ ਦਾ ਕਹਿਣਾ ਹੈ ਕਿ ਰੂਸ ਦੇ ਇਸ ਘੋਸ਼ਣਾ ਵਿਚ ਖ਼ਾਸ ਗੱਲ ਇਹ ਹੈ ਕਿ ਉਨ੍ਹਾਂ ਨੇ ਕਿਹਾ ਹੈ ਕਿ ਉਹ ਅਗਲੇ ਸਾਲ ਦੀ ਸ਼ੁਰੂਆਤ ਤੋਂ ਇਸ ਨੂੰ ਦੇਣਾ ਸ਼ੁਰੂ ਕਰ ਦੇਣਗੇ, ਮਤਲਬ ਕਿ ਉਨ੍ਹਾਂ ਨੇ ਆਪਣੇ ਕਲੀਨਿਕਲ ਟਰਾਇਲ ਕਰ ਲਏ ਹਨ ਅਤੇ ਹੁਣ ਇਸ ਨੂੰ ਮਰੀਜ਼ਾਂ ਲਈ ਉਪਲੱਬਧ ਕਰਾਉਣਗੇ, ਹਾਲਾਂਕਿ ਇਹ ਐਲਾਨ ਰਾਜਨੀਤਿਕ ਤੌਰ 'ਤੇ ਮੈਡੀਕਲ ਜਾਣਕਾਰੀ ਨਹੀਂ ਦਿੱਤੀ ਗਈ ਹੈ। ਡਾ:ਅੰਸ਼ੁਮਨ ਕੁਮਾਰ ਨੇ ਕਿਹਾ ਕਿ ਜੇਕਰ ਇਹ ਟੀਕਾ ਕਾਰਗਰ ਰਿਹਾ ਤਾਂ ਕੀਮੋਥੈਰੇਪੀ ਦੀ ਲੋੜ ਨਹੀਂ ਪਵੇਗੀ ਯੂਕੇ ਵਿੱਚ, ਅਜਿਹਾ ਇੱਕ ਟੀਕਾ ਫਰਵਰੀ 2024 ਵਿੱਚ ਬਣਾਇਆ ਗਿਆ ਸੀ ਅਤੇ ਮਰੀਜ਼ਾਂ ਨੂੰ ਵੀ ਲਗਾਇਆ ਜਾ ਰਿਹਾ ਹੈ।




### ਵੈਕਸੀਨ ਕਿਵੇਂ ਕੰਮ ਕਰੇਗੀ?

ਡਾ: ਅੰਸ਼ੁਮਨ ਕੁਮਾਰ ਦੱਸਦੇ ਹਨ ਕਿ ਜੇਕਰ ਇਹ ਵੈਕਸੀਨ ਕਾਮਯਾਬ ਹੋ ਜਾਂਦੀ ਹੈ ਤਾਂ ਇਹ ਸਰੀਰ ਵਿੱਚ ਰੋਗ ਪ੍ਰਤੀਰੋਧਕ ਸ਼ਕਤੀ ਪੈਦਾ ਕਰਕੇ ਕੈਂਸਰ ਨਾਲ ਲੜੇਗੀ ਅਤੇ ਇਸ ਨੂੰ ਖ਼ਤਮ ਕਰ ਦੇਵੇਗੀ। ਯੂਰਪ ਅਤੇ ਅਮਰੀਕਾ ਵਿੱਚ ਵੀ ਟਰਾਇਲ ਚੱਲ ਰਹੇ ਹਨ, ਪਰ ਅਮਰੀਕਾ ਨੇ ਅਜੇ ਤੱਕ ਕੋਈ ਖੁਲਾਸਾ ਨਹੀਂ ਕੀਤਾ ਹੈ। ਭਾਰਤ ਦੀ ਗੱਲ ਕਰੀਏ ਤਾਂ ਇੱਥੇ ਸਿਹਤ ਬਜਟ ਜੀ.ਡੀ.ਪੀ ਦਾ 1.9% ਹੈ ਅਤੇ ਇਸ ਵਿੱਚੋਂ ਸਿਰਫ 1.2% ਖੋਜ 'ਤੇ ਖ਼ਰਚ ਹੁੰਦਾ ਹੈ। ਜੇਕਰ ਇਸ ਨੂੰ ਮਾਪਿਆ ਜਾਵੇ ਤਾਂ ਅਸੀਂ ਅਜਿਹੀ ਵੈਕਸੀਨ ਵੀ ਵਿਕਸਿਤ ਕਰ ਸਕਦੇ ਹਾਂ। ਜੇਕਰ ਭਾਰਤ ਵਿੱਚ ਕੈਂਸਰ ਦੀ ਵੈਕਸੀਨ ਬਣ ਜਾਂਦੀ ਹੈ ਤਾਂ ਇਸ ਨਾਲ ਮਰੀਜ਼ਾਂ ਨੂੰ ਬਹੁਤ ਫਾਇਦਾ ਹੋਵੇਗਾ। ਭਾਰਤ ਵਿੱਚ ਵੀ ਕੈਂਸਰ ਦੇ ਮਾਮਲੇ ਵੱਧ ਰਹੇ ਹਨ।

# ਕੇਜਰੀਵਾਲ ਦਾ ਬਜ਼ੁਰਗਾਂ ਲਈ ਚੋਣ ਵਾਅਦਾ, ਸੰਜੀਵਨੀ ਸਿਹਤ ਯੋਜਨਾ ਦਾ ਐਲਾਨ



ਨਵੀਂ ਦਿੱਲੀ ,18 ਦਸੰਬਰ (ਜਸਵਿੰਦਰ ਸਿੰਘ ਬਿੱਟਾ)-ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੇ ਬੁੱਧਵਾਰ ਨੂੰ ਬਜ਼ੁਰਗਾਂ ਲਈ 'ਸੰਜੀਵਨੀ ਯੋਜਨਾ' ਦਾ ਐਲਾਨ ਕੀਤਾ। ਕੇਜਰੀਵਾਲ ਨੇ ਕਿਹਾ ਕਿ ਦਿੱਲੀ 'ਚ ਸਰਕਾਰ ਬਣਨ ਤੋਂ ਬਾਅਦ ਦਿੱਲੀ ਸਰਕਾਰ ਬਜ਼ੁਰਗਾਂ ਲਈ ਸੰਜੀਵਨੀ ਯੋਜਨਾ ਲੈ ਕੇ ਆਵੇਗੀ। ਇਸ ਵਿੱਚ 60 ਸਾਲ ਤੋਂ ਵੱਧ ਉਮਰ ਦੇ ਸਾਰੇ ਨਾਗਰਿਕਾਂ ਦਾ ਮੁਫ਼ਤ ਇਲਾਜ ਕੀਤਾ ਜਾਵੇਗਾ। ਇਸ ਵਿੱਚ ਕੋਈ ਸੀਮਾ ਜਾਂ ਸ਼੍ਰੇਣੀ ਨਹੀਂ ਹੈ। ਇਹ ਸਕੀਮ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਲਾਗੂ ਕੀਤੀ ਜਾਵੇਗੀ। ਕੇਜਰੀਵਾਲ ਨੇ ਕਿਹਾ ਕਿ ਸ਼ਰਵਣ ਕੁਮਾਰ ਤੋਂ ਪ੍ਰੇਰਿਤ ਹੋ ਕੇ ਅਸੀਂ ਬਜ਼ੁਰਗਾਂ ਲਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਸ਼ੁਰੂ ਕੀਤੀ ਹੈ। ਹੁਣ ਤੱਕ ਲਗਭਗ 1 ਲੱਖ ਬਜ਼ੁਰਗ ਇਸ ਯੋਜਨਾ ਦਾ ਲਾਭ ਲੈ ਚੁੱਕੇ ਹਨ। ਇਸ ਨੂੰ ਦੇਸ਼ ਦੇ ਸਾਰੇ ਤੀਰਥ ਸਥਾਨਾਂ 'ਤੇ ਭੇਜਿਆ ਜਾਂਦਾ ਹੈ। ਸਾਰਾ ਖਰਚਾ ਦਿੱਲੀ ਸਰਕਾਰ ਉਠਾਉਂਦੀ ਹੈ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਜਿੰਦ-ਜਾਣ ਸਾਹਿਤਕ,ਸਭਿਆਚਾਰਕ ਅਤੇ ਖੇਡ-ਮੇਲਿਆਂ ਵਿੱਚ ਮਿੱਠੀ ਮਿੱਠੀ ਸ਼ਬਦਾਵਲੀ, ਸ਼ੇਅਰੋ ਸ਼ਾਇਰੀ ਅਤੇ ਕਥਾ ਕਹਾਣੀਆਂ ਨਾਲ ਮਨੋਰੰਜਕ ਪੇਸ਼ਕਾਰੀ ਲਈ ਸਟੇਜ ਸੰਚਾਲਨ ਵਾਸਤੇ ਹਮੇਸ਼ਾ ਯਾਦ ਰੱਖੋ



ਡਾ: ਦਰਸ਼ਨਦੀਪ ਅਰੋੜਾ
ਕੋ- ਹੋਸਟ
( ਰੇਡੀਓ ਪ੍ਰੋਗਰਾਮ ਸਤਰੰਗ 1350 AM )
ਸੋਮਵਾਰ ਤੋਂ ਸ਼ੁੱਕਰਵਾਰ ਤੱਕ 10 ਤੋਂ 11 ਵਜੇ ਤੱਕ
+1 437-243-3091

# ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ 70 ਸੈਂਟ ਤੋਂ ਵੀ ਹੇਠਾਂ ਡਿੱਗਿਆ



ਵਿਨੀਪੈੱਗ, 18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਅਮਰੀਕੀ ਡਾਲਰ ਦੇ ਮੁਕਾਬਲੇ ਕੈਨੇਡੀਅਨ ਡਾਲਰ 70 ਸੈਂਟ ਤੋਂ ਵੀ ਹੇਠਾਂ ਖਿਸਕ ਗਿਆ ਹੈ। ਕੈਨੇਡੀਅਨ ਡਾਲਰ, ਜਿਸ ਨੂੰ ਲੂਨੀ ਵੀ ਕਹਿੰਦੇ ਹਨ, ਦੇ ਮੁੱਲ ਵਿਚ ਗਿਰਾਵਟ ਇਸ ਹਫ਼ਤੇ ਦੀ ਉਥਲ-ਪੁਥਲ ਤੋਂ ਬਾਅਦ ਆਈ ਹੈ, ਜਦੋਂ ਵਿੱਤ ਮੰਤਰੀ ਕ੍ਰਿਸਟੀਆ ਫ਼ਰੀਲੈਂਡ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੈਬਨਿਟ ਤੋਂ ਅਸਤੀਫ਼ਾ ਦੇ ਦਿੱਤਾ। ਬਲੂਮਬਰਗ ਦੇ ਡੇਟਾ ਅਨੁਸਾਰ, ਅੱਜ ਸਵੇਰੇ 1 ਕੈਨੇਡੀਅਨ ਡਾਲਰ 71 ਅਮਰੀਕੀ ਸੈਂਟ ਤੋਂ ਵੀ ਹੇਠਾਂ ਜਾਣ ਤੋਂ ਬਾਅਦ ਦੁਪਹਿਰ ਤੱਕ 71.01 ਸੈਂਟ ਦਰਜ ਹੋਇਆ ਹੈ। ਕੋਵਿਡ ਮਹਾਮਾਰੀ ਵੇਲੇ ਮਾਰਚ 2020 ਤੋਂ ਬਾਅਦ ਦਾ ਇਹ ਸਭ ਤੋਂ ਹੇਠਲਾ ਪੱਧਰ ਸੀ। ਕੈਨੇਡਾ ਦੀ ਕਮਜ਼ੋਰ ਆਰਥਿਕਤਾ ਦੇ ਚਲਦਿਆਂ ਕੈਨੇਡੀਅਨ ਡਾਲਰ ਦਾ ਮੁੱਲ ਹੇਠਾਂ ਵੱਲ ਆਇਆ ਹੈ। ਉੱਪਰੋਂ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਤੋਂ ਅਮਰੀਕਾ ਜਾਣ ਵਾਲੇ ਸਮਾਨ 'ਤੇ 25% ਟੈਰਿਫ਼ ਲਗਾਉਣ ਦੀ ਧਮਕੀ ਦਿੱਤੀ ਹੈ, ਜਿਸ ਕਰਕੇ ਕੈਨੇਡੀਅਨ ਆਰਥਿਕਤਾ ਨੂੰ ਡੂੰਘੀ ਸੱਟ ਲੱਗ ਸਕਦੀ ਹੈ। ਜਦੋਂ ਟਰੰਪ ਨਵੰਬਰ ਵਿਚ ਰਾਸ਼ਟਰਪਤੀ ਚੋਣਾਂ ਵਿਚ ਜੇਤੂ ਹੋਏ ਸਨ, ਉਸ ਤੋਂ ਬਾਅਦ ਅਮਰੀਕੀ ਡਾਲਰ ਮਜ਼ਬੂਤ ਹੋਇਆ ਹੈ। ਕੈਨੇਡਾ ਫੈਡਰਲ ਸਰਕਾਰ ਨੇ ਫ਼ੌਲ ਇਕਨਾਮਿਕ ਅਪਡੇਟ ਪੇਸ਼ ਕੀਤੀ ਜਿਸ ਵਿਚ ਬਜਟ ਘਾਟੇ ਦੇ 61.9 ਬਿਲੀਅਨ ਡਾਲਰ ਹੋਣ ਦਾ ਖ਼ੁਲਾਸਾ ਹੋਇਆ।

# ਕਿਸਾਨਾਂ ਵੱਲੋਂ 30 ਨੂੰ 'ਪੰਜਾਬ ਬੰਦ' ਦਾ ਸੱਦਾ

ਸ਼ੰਭੂ ਬਾਰਡਰ, 18 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)- ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਕਿਸਾਨੀ ਮੰਗਾਂ ਦੀ ਪੂਰਤੀ ਲਈ 10 ਮਹੀਨਿਆਂ ਤੋਂ ਸ਼ੰਭੂ ਅਤੇ ਢਾਬੀ ਗੁੱਜਰਾਂ (ਖਨੌਰੀ) ਬਾਰਡਰਾਂ 'ਤੇ ਜਾਰੀ ਕਿਸਾਨ ਸੰਘਰਸ਼ ਦੀ ਅਗਵਾਈ ਕਰ ਰਹੇ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ)ਅਤੇ ਕਿਸਾਨ ਮਜ਼ਦੂਰ ਮੋਰਚਾ ਨੇ ਅੱਜ ਪੰਜਾਬ ਭਰ ਵਿੱਚ ਰੇਲਾਂ ਦਾ ਚੱਕਾ ਜਾਮ ਕਰਨ ਦੇ ਦਿੱਤੇ ਗਏ ਸੱਦੇ ਦੀ ਸਫਲਤਾ ਤੋਂ ਬਾਅਦ ਹੁਣ ਅਗਲੇ ਐਕਸ਼ਨ ਵਜੋਂ 30 ਦਸੰਬਰ ਨੂੰ 'ਪੰਜਾਬ ਬੰਦ' ਦਾ ਸੱਦਾ ਦਿੱਤਾ ਹੈ। ਇਹ ਜਾਣਕਾਰੀ ਅੱਜ ਸ਼ੰਭੂ ਬਾਰਡਰ 'ਤੇ ਪ੍ਰੈੱਸ ਕਾਨਫਰੰਸ ਦੌਰਾਨ ਕਿਸਾਨ ਨੇਤਾ ਸੁਰਜੀਤ ਸਿੰਘ ਫੂਲ, ਜਸਵਿੰਦਰ ਸਿੰਘ ਲੌਂਗੋਵਾਲ, ਸੁਖਵਿੰਦਰ ਸਿੰਘ ਚੌਤਾਲਾ, ਅਸ਼ੋਕ ਬੁਲਾਰਾ, ਤੇਜਵੀਰ ਸਿੰਘ ਪੰਜੋਖਰਾ, ਗੁਰ ਅਮਨੀਤ ਸਿੰਘ ਮਾਂਗਟ, ਅਤੇ ਚਮਕੌਰ ਸਿੰਘ ਨੇ ਦਿੱਤੀ ਹੈ।

# ਵਿਦੇਸ਼ ਭੇਜਣ ਦਾ ਝਾਂਸਾ ਦੇ 2.45 ਲੱਖ ਰੁਪਏ ਠੱਗੇ

ਚੰਡੀਗੜ੍ਹ, 17 ਦਸੰਬਰ (ਵਿਸ਼ਵ ਪੰਜਾਬੀ ਸਾਂਝ ਕੈਨੇਡਾ)-ਚੰਡੀਗੜ੍ਹ ਪੁਲਿਸ ਨੇ ਵਿਦੇਸ਼ ਭੇਜਣ ਦੇ ਨਾਂ 'ਤੇ ਧੋਖਾਧੜੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਕਰਦਿਆਂ ਕੇਸ ਦਰਜ ਕੀਤਾ ਹੈ। ਇਹ ਕੇਸ ਥਾਣਾ ਸੈਕਟਰ-36 ਦੀ ਪੁਲਿਸ ਨੇ ਦਰਜ ਕੀਤਾ ਹੈ। ਜਿਨ੍ਹਾਂ ਨੇ ਵਿਜੈ ਕੁਮਾਰ ਵਾਸੀ ਨਿਆਂ ਗਾਉਂ ਦੀ ਸ਼ਿਕਾਇਤ 'ਤੇ ਕ੍ਰਿਪਾਲ ਸਿੰਘ ਵਾਸੀ ਸੈਕਟਰ-35 ਤੇ ਹੋਰਨਾਂ ਵਿਰੁੱਧ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਦਾ ਕਹਿਣਾ ਸੀ ਕਿ ਮੁਲਜ਼ਮ ਨੇ ਉਸ ਨੂੰ ਪੁਰਤਗਾਲ ਦਾ ਟੂਰਿਸਟ ਵੀਜ਼ਾ ਦਿਵਾਉਣ ਲਈ 2.45 ਲੱਖ ਰੁਪਏ ਲੈ ਲਏ, ਪਰ ਬਾਅਦ ਵਿੱਚ ਨਾ ਤਾਂ ਉਸ ਦਾ ਪੁਰਤਗਾਲ ਜਾਣ ਲਈ ਵੀਜ਼ਾ ਲਵਾਇਆ ਅਤੇ ਨਾ ਹੀ ਉਸ ਦੇ ਰੁਪਏ ਵਾਪਸ ਕੀਤੇ ਸਨ।

## ਜ਼ਰੂਰੀ ਸੂਚਨਾਂ

ਵਿਸ਼ਵ ਪੰਜਾਬੀ ਸਭਾ ਕੈਨੇਡਾ ਵੱਲੋਂ ਆਪਣਾ ਰੋਜ਼ਾਨਾ ਅਖ਼ਬਾਰ ਸ਼ੁਰੂ ਕੀਤਾ ਗਿਆ ਹੈ,ਜਿਸ ਦਾ ਨਾਮ 'ਵਿਸ਼ਵ ਪੰਜਾਬੀ ਸਾਂਝ'ਰੱਖਿਆ ਗਿਆ ਹੈ। ਤੁਸੀ ਆਪਣੀਆਂ ਰਚਨਾਵਾਂ/ਕਹਾਣੀ/ ਲੇਖ ਜਾਂ ਸਾਹਿਤਕ ਕਿਰਤ ਛੱਪਣ ਲਈ ਭੇਜ ਸਕਦੇ ਹੋ।

ਲਿਖਤਾਂ ਭੇਜਣ ਲਈ ਈਮੇਲ ਪਤਾ
vishavPunjabisanjh@gmail.com

ਲੇਖਕ ਆਪਣਾ ਨਾਮ ਫੋਨ ਨੰਬਰ ਅਤੇ ਫੋਟੋ ਵੀ ਜ਼ਰੂਰ ਭੇਜਣ ਦੀ ਕ੍ਰਿਪਾਲਤਾ ਕਰੋਂ

ਨੋਟ : ਅਖ਼ਬਾਰ ਵਿੱਚ ਭੇਜੀਆ ਰਚਨਾਵਾਂ ਜਾਂ ਸਮੱਗਰੀ ਸਾਹਿਤਕ ਅਤੇ ਸੱਭਿਅਕ ਹੋਵੇ ਸਮਾਜ ਨੂੰ ਸੇਧ ਦੇਣ ਵਾਲੀ ਹੋਵੇ।

ਅਖ਼ਬਾਰ ਵਿੱਚ ਸ਼ਾਮਿਲ ਲਿਖਤਾਂ ਤੇ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



# BRAMPTON CASH AND CARRY

WHOLESALER | IMPORTER
DISTRIBUTOR | RETAILER

**Wholesaler, Importer, Distributor & Retailer of Restaurants Supply**








BRAMPTON
CASH & CARRY

Brampton CashandCarry2023@gmail.com

905-230-4800

100 Kennedy Road S., Brampton, ON L6W 3E7



HURRY!
SPECIAL OFFER
BRAMPTON CASH & CARRY
Importer | Wholesaler | Retailer
WHITE ONION– 50 POUND
22 $
Easterday PRODUCE
ONIONS
BUY NOW
T&C APPLY
100 Kennedy Rd S, Brampton, ON L6W 3E7, Canada
905-230-4800




HURRY!
SPECIAL OFFER
BRAMPTON CASH & CARRY
Importer | Wholesaler | Retailer
BRAR BESAN SUPER FINE
9.99 $
BRAR SWEET CORN FLOUR
4.99 $
SHER WHITE WHOLE WHEAT ATTA
15.99 $
SHER
BESAN
BRAR
SWEET CORN FLOUR
SHER
FIBER WALA
BUY NOW
T&C APPLY
100 Kennedy Rd S, Brampton, ON L6W 3E7, Canada
905-230-4800


AAPKI PASAND AAPKA SWAAD
DURUM CHAKKI
ATTA
Aapki
PASAND
AAPKA SWAAD
आटा
ਆਟਾ
Indian Style
DURUM
CHAKKI
ATTA
FARINE DE BLÉ
WHOLE WHEAT 100% BLÉ ENTIER
9.07 KG (20 LB)
WEIGHT
20LB
PRICE
$9.99
BRAMPTON
CASH & CARRY
Importer | Wholesaler | Retailer
6HR
SOFTNESS
BEST FOR ROLLS, PARANTHAS. POORIS & HOTBREADS


GRAND
OPENING
3643 PORTAGE RD, NIAGARA FALLS
CONTACT : +1 (416)700-9100
COMING SOON
BRAMPTON CASH AND CARRY
BRAMPTON
CASH & CARRY
IMPORTER | WHOLESALER| RETAILER
BRAMPTON
CASH & CARRY
Importer | Wholesaler | Retailer
OPEN EVERYDAY FROM
9:00 AM TO 9:00 PM